ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ),
ਜਿਲ੍ਹਾ ਪ੍ਰੀਸ਼ਦ ਕੰਪਲੈਕਸ, ਪਟਿਆਲਾ (ਪੰਜਾਬ)
(ਫੋਨ ਨੰ: 0175-2311306)

**ਕਰਾਫਟ ਮੇਲਾ- 2020**

## ਫੂਡ ਸਟਾਲਾਂ ਦੀ ਖੁੱਲੀ ਬੋਲੀ ਦਾ ਨੋਟਿਸ

ਕਰਾਫਟ ਮੇਲਾ- 2020, ਮਿਤੀ 22/02/2020 ਤੋਂ 05/03/2020 ਤੱਕ (ਕੁੱਲ 13 ਦਿਨ) ਸ਼ੀਸ਼ ਮਹਿਲ, ਪਟਿਆਲਾ (ਪੰਜਾਬ) ਵਿਖੇ ਲਗਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਦੇਸ਼ ਦੇ ਸਾਰੇ ਸੂਬਿਆਂ ਦੇ ਦਸਤਕਾਰ/ ਕਲਾਕਾਰ ਅਤੇ ਲੱਗ-ਭੱਗ 4 ਲੱਖ ਲੋਕਾਂ ਦੇ ਬਤੌਰ ਦਰਸ਼ਕ ਆਉਣ ਦੀ ਸੰਭਾਵਨਾ ਹੈ।ਮੇਲੇ ਦੇ ਫੂਡ ਕੋਰਟ ਲਈ ਖੁੱਲੀ ਬੋਲੀ ਮਿਤੀ 7/2/2020 ਨੂੰ ਸਵੇਰੇ 11.00 ਵਜੇ ਮੀਟਿੰਗ ਹਾਲ, ਜਿਲ੍ਹਾ ਪ੍ਰੀਸ਼ਦ, ਪਟਿਆਲਾ ਵਿਖੇ ਹੋਵੇਗੀ। ਇਸ ਸਬੰਧੀ ਡਿਟੇਲਡ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਨਿਮਨਹਸਤਾਖਰ ਦੇ ਦਫਤਰ ਵਿਖੇ ਦੇਖੀਆਂ ਜਾ ਸਕਦੀਆਂ ਹਨ ਜਾਂ ਫੋਨ ਨੰਬਰ 0175-2311306 ਤੇ ਸੰਪਰਕ ਕੀਤਾ ਜਾ ਸਕਦਾ ਹੈ।

| ਲੜੀ ਨੰ: | ਫੂਡ ਸਟਾਲ ਦਾ ਨਾਮ | ਫੂਡ ਸਟਾਲਾਂ ਦੀ ਸੰਖਿਆ |
|---|---|---|
| 1 | ਸਾਊਥ ਇੰਡੀਅਨ ਫੂਡ | 1 |
| 2 | ਰਾਜਸਥਾਨੀ ਫੂਡ | 2 |
| 3 | ਬਾਂਬੇ ਫੂਡ ਅਤੇ ਗੁਜਰਾਤੀ ਫੂਡ | 1 |
| 4 | ਹਰਿਆਣਵੀ ਜਲੇਬ ਅਤੇ ਹਰਿਆਣਵੀ ਮਠਿਆਈ | 1 |
| 5 | ਰਾਜਮਾ ਚਾਵਲ, ਕੜ੍ਹੀ ਚਾਵਲ ਅਤੇ ਬਿਰੀਆਨੀ | 1 |
| 6 | ਚਾਈਨੀਜ ਫੂਡ | 1 |
| 7 | ਆਈਸ ਕਰੀਮ ਅਤੇ ਆਈਸ ਕਰੀਮ ਨਾਲ ਫਰੂਟ ਮਿਕਸ | 1 |
| 8 | ਮਟਕਾ ਕੁਲਫੀ, ਸਟਿੱਕ ਕੁਲਫੀ, | 1 |
| 9 | ਚਾਹ, ਕਾਫੀ, ਸਮੋਸੇ, ਬਰੈਡ ਪਕੌੜੇ, ਬਰਗਰ | 1 |
| 10 | ਤਾਜੇ ਫਰੂਟ ਜੂਸ, ਪੈਕ ਜੂਸ, ਫਰੂਟ ਚਾਟ, ਕੋਲਡ ਡਰਿੰਕ | 1 |
| 11 | ਛੋਲੇ ਭਟੂਰੇ, ਚਨਾ ਕੁਲਚਾ, ਆਲੂ ਪੂਰੀ | 1 |
| 12 | ਪੰਜਾਬੀ ਢਾਬਾ (ਵੈਜ/ਨਾਨ ਵੈਜ) | 1 |
| 13 | ਗੋਲਗੱਪੇ, ਚਾਟ ਪਾਪੜੀ, ਦਹੀਂ ਭੱਲਾ, ਟਿੱਕੀ, ਚਿੱਲਾ | 1 |
| 14 | ਅੰਮ੍ਰਿਤਸਰੀ ਨਾਨ, ਅੰਮ੍ਰਿਤਸਰੀ ਕੁਲਚਾ, ਅੰਮ੍ਰਿਤਸਰੀ ਮਿੱਠੀ ਲੱਸੀ | 1 |
| 15 | ਬੇਕਰੀ ਆਈਟਮਜ਼ (ਪੇਸਟਰੀ, ਫਰੂਟ ਕੇਕ, ਕਰੀਮ ਰੋਲ ਆਦਿ) | 1 |
| 16 | ਮਿਨਰਲ ਵਾਟਰ, ਨਾਰੀਅਲ ਪਾਣੀ, ਸਾਰੀ ਤਰ੍ਹਾਂ ਦੇ ਸ਼ੇਕ | 1 |
| 17 | ਕਬਾਬ ਅਤੇ ਰੋਲਜ਼, ਰੈਪਸ, ਟਿੱਕਾ ਆਦਿ (ਨਾਨ ਵੈਜ) | 1 |
| 18 | ਬਿਹਾਰੀ ਫੂਡ | 1 |
| 19 | ਪੋਪ ਕਾਰਨ, ਸਵੀਟ ਕਾਰਨ, ਭੇਲਪੂਰੀ, ਚੁਸਕੀ (ਓਪਨ ਸਟਾਲ) | 1 |

**ਨਿਯਮ ਅਤੇ ਸ਼ਰਤਾਂ :-**

1. ਹਰੇਕ ਫੂਡ ਸਟਾਲ ਦੀ ਰਾਖਵੀਂ ਕੀਮਤ 50,000/- ਰੁ: ਹੋਵੇਗੀ ਤੇ ਹਰੇਕ ਬੋਲੀਕਾਰ ਨੂੰ 10,000/- ਰੁ: ਦੀ ਸਕਿਊਰਟੀ ਵੱਜੋਂ ਡਿਮਾਂਡ ਡਰਾਫ ਬੋਲੀ ਤੋਂ ਪਹਿਲਾਂ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਇਹ ਡਿਮਾਂਡ ਡਰਾਫਟ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਪਟਿਆਲਾ ਦੇ ਨਾਮ ਤੇ ਹੋਵੇਗਾ। ਜਿਸ ਬੋਲੀਕਾਰ ਨੂੰ ਸਟਾਲ ਨਹੀਂ ਅਲਾਟ ਹੁੰਦੀ ਤਾਂ ਉਸਦੀ ਈ.ਐਮ.ਡੀ. ਮੌਕੇ ਤੇ ਵਾਪਸ ਕਰ ਦਿੱਤੀ ਜਾਵੇਗੀ।
2. ਨਿਮਨ ਹਸਾਤਖਰ ਵੱਲੋਂ ਮੌਕੇ ਤੇ ਫੂੱਡ ਸਟਾਲਾਂ ਘਟਾਈਆਂ/ਵਧਾਈਆਂ ਜਾ ਸਕਦੀਆਂ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਫੂਡ ਆਈਟਮ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।
3. ਨਿਮਨ ਹਸਤਾਖਰ ਨੂੰ ਮੌਕੇ ਤੇ ਕਿਸੇ ਵੀ ਤਰ੍ਹਾਂ ਦੀ ਫੂਡ ਸਟਾਲ ਵਿੱਚ ਰੱਦੋ ਬਦਲ ਦਾ ਪੂਰਾ ਅਧਿਕਾਰ ਹੋਵੇਗਾ।
4. ਚੁੱਣੇ ਗਏ ਬੋਲੀਕਾਰ ਵੱਲੋਂ ਮੇਲੇ ਵਿੱਚ ਜੋ ਫੂਡ ਆਈਟਮ ਸਟਾਲ ਵਿੱਚ ਦੇਣੀਆਂ ਹਨ ਉਸ ਦਾ ਵੇਰਵਾ ਨਿਮਨ ਹਸਤਾਖਰ ਤੋਂ ਪ੍ਰਵਾਨ ਕਰਵਾਉਣਾ ਜਰੂਰੀ ਹੋਵੇਗਾ।
5. ਚੁੱਣੇ ਗਏ ਬੋਲੀਕਾਰ ਵੱਲੋਂ ਬੋਲੀ ਦੀ ਰਕਮ ਵਿੱਚੋਂ ਘੱਟੋ ਘੱਟ 50% ਰਾਸ਼ੀ ਮੌਕੇ ਤੇ ਹੀ **ਡੀ.ਡੀ./ਚੈਕ/ਕੈਸ਼** ਰਾਹੀਂ ਜਮ੍ਹਾਂ ਕਰਵਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸਦੀ ਸਕਿਊਰਟੀ ਰਾਸ਼ੀ ਜਪਤ ਕਰ ਲਈ ਜਾਵੇਗੀ। ਬਾਕੀ ਬਚਦੀ 50% ਦੀ ਰਾਸ਼ੀ ਮਿਤੀ 22/02/2020 ਨੂੰ ਮੇਲਾ ਸ਼ੁਰੂ ਹੋਣ ਤੋਂ ਪਹਿਲਾਂ ਦੇਣੀ ਹੋਵੇਗੀ ਅਜਿਹਾ ਨਾ ਕਰਨ ਦੀ ਸੂਰਤ ਵਿਚ ਫੂਡ ਸਟਾਲ ਅਲਾਟਮੈਂਟ ਕੈਂਸਲ ਕਰ ਦਿੱਤੀ ਜਾਵੇਗੀ।
6. ਹਰ ਸਟਾਲ ਵਿਚ ਇੱਕ ਵਾਰ ਵਰਤਣ ਯੋਗ ਪਲਾਸਟਿਕ (Single Use Plactic) ਤੇ ਪਾਬੰਦੀ ਹੋਵੇਗੀ। Non-Biodegradable/Thermocol Disposal ਦੇ ਵਰਤਣ ਤੇ ਪੂਰੀ ਤਰ੍ਹਾਂ ਪਾਬੰਦੀ ਹੋਵੇਗੀ।
7. ਫੂਡ ਸੇਫਟੀ ਇੰਸਪੈਕਸ਼ਨ ਹਰ ਰੋਜ਼ ਕਰਵਾਉਣੀ ਹੋਵੇਗੀ।
8. ਸਟਾਲ ਦੇ ਅੰਦਰ ਅਤੇ ਆਲੇ-ਦੁਆਲੇ ਸਾਫ ਸਫਾਈ ਰਖਣਾ ਜਰੂਰੀ ਹੋਵੇਗਾ ਅਤੇ ਡਸਟਬੀਨ ਲਗਾਣੇ ਜਰੂਰੀ ਹੋਣਗੇ।
9. ਸਟਾਲ ਦੇ ਵਿਚ ਕੰਮ ਕਰਨ ਵਾਲੇ ਵਿਅਕਤੀ ਲਈ ਹੱਥਾਂ ਵਿਚ ਦਸਤਾਨੇ ਅਤੇ ਸਿਰ ਤੇ ਟੋਪੀ ਲੈਣੀ ਜਰੂਰੀ ਹੋਵੇਗੀ।
10. ਪੈਕਡ ਫੂਡ ਆਇਟਮ ਐਮ.ਆਰ.ਪੀ. ਰੇਟ ਤੋਂ ਵੱਧ ਵੇਚਨਾਂ ਗੈਰ ਕਾਨੰਨੀ ਹੈ ਇਸ ਤਰ੍ਹਾਂ ਕਰਨ ਵਾਲੇ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਵਧੀਕ ਡਿਪਟੀ ਕਮਿਸ਼ਨਰ(ਵਿਕਾਸ)
ਪਟਿਆਲਾ।